# ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

(ਗਰੁੱਪ-ਡੀ) ਦੀਆਂ ਚਾਰ ਖਾਲੀ ਅਸਾਮੀਆਂ ਭਰਨ ਸਬੰਧੀ

ਨੋਟਿਸ

ਸਰਕਾਰੀ ਬਿਕਰਮ ਕਾਲਜ ਆਫ ਕਾਮਰਸ, ਪਟਿਆਲਾ ਵਿਖੇ

1. ਗੇਮ ਬੁਆਏ (ਜਨਰਲ ਕੈਟਾਗਰੀ)
2. ਲਾਇਬ੍ਰੇਰੀ ਅਟੈਂਡੈਂਟ (ਐਕਸ ਸਰਵਿਸਮੈਨ ਲਈ)
3. ਮਾਲੀ (ਬੀ.ਸੀ. ਕੈਟਾਗਰੀ ਲਈ)
4. ਸਫਾਈ ਸੇਵਕ (ਅਨੁਸੂਚਿਤ ਜਾਤੀਆਂ ਲਈ)

ਗਰੁੱਪ-ਡੀ (ਦਰਜਾ ਚਾਰ) ਦੀਆਂ ਚਾਰ ਖਾਲੀ ਅਸਾਮੀਆਂ ਨੂੰ ਰੈਗੂਲਰ ਤੌਰ ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਬਿਨੈ-ਪੱਤਰ ਦੀ ਮੰਗ ਕੀਤੀ ਜਾਂਦੀ ਹੈ।

1. ਤਨਖ਼ਾਹ ਸਕੇਲ -(4900-10680+1300 ਗ੍ਰੇਡ ਪੇਅ) ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ: 7/204/2012-4ਐਫ ਪੀ 1-66 ਮਿਤੀ 15-01-2015 ਅਤੇ ਪੱਤਰ ਨੰ: 7/204/2012-4ਐਫ.ਪੀ. 1/1049 ਮਿਤੀ 21-12-15 ਦੇ ਸਨਮੁੱਖ ਜੇ ਇਸ ਅਸਾਮੀ ਦੀ ਤਨਖ਼ਾਹ ਉਨ੍ਹਾਂ ਦੇ ਪਰਖ ਕਾਲ ਸਮੇਂ ਦੌਰਾਨ ਡੀ.ਸੀ./ਲੇਬਰ ਰੇਟਾਂ ਤੋਂ ਘੱਟ ਬਣਦੀ ਹੈ ਤਾਂ ਇਸ ਅਸਾਮੀ ਲਈ ਡੀ.ਸੀ./ਲੇਬਰ ਰੇਟਾਂ ਦੇ ਬਰਾਬਰ ਤਨਖ਼ਾਹ ਦਿੱਤੀ ਜਾਵੇਗੀ। ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-2 ਸ਼ਾਖਾ) ਦੇ ਅੰ.ਵਿ.ਪੱ. ਨੰ: 12/115/15-5ਪੀ.ਪੀ.2/761986/9 ਮਿਤੀ 25-05-16 ਦੇ ਸਨਮੁੱਖ ਪਰਖ ਕਾਲ ਸਮਾਂ 3 ਸਾਲ ਦਾ ਹੋਵੇਗਾ ਅਤੇ ਪਰਖ ਕਾਲ ਸਮੇਂ ਦੌਰਾਨ ਗ੍ਰੇਡ ਪੇਅ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫਰੀ ਭੱਤੇ ਦੇ ਮਿਲਣਯੋਗ ਨਹੀਂ ਹੋਣਗੇ।

2. ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਦੀ ਵਿਦਿਅਕ ਯੋਗਤਾ ਘੱਟੋ-ਘੱਟ ਅੱਠਵੀਂ ਕਲਾਸ ਹੈ ਅਤੇ ਅੱਠਵੀਂ ਵਿੱਚ ਪੰਜਾਬੀ ਵਿਸ਼ਾ ਪਾਸ ਕੀਤਾ ਹੋਵੇ। ਉਚੇਰੀ ਯੋਗਤਾ ਪਾਸ ਕੀਤੇ ਹੋਣ ਦੀ ਸੂਰਤ ਵਿੱਚ ਉਮੀਦਵਾਰਾਂ ਨੂੰ ਡੀ.ਪੀ.ਆਈ. (ਕਾਲਜਾਂ), ਪੰਜਾਬ ਵੱਲੋਂ ਨਿਰਧਾਰਿਤ ਮਾਪਦੰਡਾਂ ਅਨੁਸਾਰ ਵੇਟੇਜ ਦੇ ਕੇ ਮੈਰਿਟ ਤਿਆਰ ਕੀਤੀ ਜਾਵੇਗੀ।

3. ਉਮੀਦਵਾਰ ਦੀ ਉਮਰ 1-1-2019 ਨੂੰ ਘੱਟੋ-ਘੱਟ 18 ਸਾਲ ਅਤੇ ਵੱਧ ਤੋਂ ਵੱਧ 37 ਸਾਲ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਉਮਰ ਵਿੱਚ 5 ਸਾਲ ਦੀ ਛੋਟ ਦਿੱਤੀ ਜਾਵੇਗੀ।

4. ਇਨ੍ਹਾਂ ਅਸਾਮੀਆਂ ਸਬੰਧੀ ਲੋੜੀਂਦੀਆਂ ਯੋਗਤਾਵਾਂ, ਨਿਯਮ, ਹਦਾਇਤਾਂ ਅਤੇ ਬਿਨੈ-ਪੱਤਰ ਪ੍ਰੋਫਾਰਮਾ ਕਾਲਜ ਦੀ ਵੈਬਸਾਈਟ - **www.gbcpatiala.ac.in** ਤੇ ਵੀ ਉਪਲਬਧ ਹਨ। ਬਿਨੈ-ਪੱਤਰ ਦੀ ਕਾਪੀ ਵਿਦਿਅਕ ਯੋਗਤਾਵਾਂ, ਤਜ਼ਰਬੇ ਦਾ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਦਸਤਾਵੇਜਾਂ ਦੀਆਂ ਫੋਟੋ ਕਾਪੀਆਂ ਸਮੇਤ ਕਾਲਜ ਵਿਖੇ ਦੇਣ ਦੀ ਆਖਰੀ ਮਿਤੀ 26-02-2019 ਨੂੰ ਸ਼ਾਮ 3:30 ਵਜੇ ਤੱਕ ਹੋਵੇਗੀ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਜਾਂ ਅਧੂਰੇ ਬਿਨੈਪੱਤਰ ਨੂੰ ਰੱਦ ਕੀਤਾ ਜਾਵੇਗਾ।

5. ਪ੍ਰਾਪਤ ਹੋਏ ਬਿਨੈ-ਪੱਤਰਾਂ ਵਿੱਚੋਂ ਯੋਗ ਪਾਏ ਉਮੀਦਵਾਰਾਂ ਦੀ ਮੈਰਿਟ ਸੂਚੀ ਕਾਲਜ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ ਅਤੇ ਉਮੀਦਵਾਰ ਅਪਲੋਡ ਦੀ ਮਿਤੀ ਤੋਂ ਇੱਕ ਦਿਨ ਦੇ ਵਿੱਚ-ਵਿੱਚ ਆਪਣੇ ਦਾਵੇ ਅਤੇ ਇਤਰਾਜ਼ ਦੇ ਸਕਦੇ ਹਨ। ਵਧੇਰੇ ਜਾਣਕਾਰੀ ਲਈ ਕਾਲਜ ਦੀ ਵੈਬਸਾਈਟ ਨੂੰ ਸਮੇਂ-ਸਮੇਂ ਤੇ ਦੇਖੋ।

ਸਹੀ/-
ਪ੍ਰਿੰਸੀਪਲ
ਸਰਕਾਰੀ ਬਿਕਰਮ ਕਾਲਜ ਆਫ ਕਾਮਰਸ,
ਪਟਿਆਲਾ।

1. ਰਵਿੰਦਰ ਸਾਹੀ
2. ਤ. ਤ੍ਰਿਪਾਠੀ
3. Ckm
4. Bhagw
5. Bwjm

ਵੇਖਿਆ
ਨਾਜਿੰਦਰ ਕੌਰ